## ਕਮਯੂਨਿਟੀ ਮੈਡੀਕਲ ਸੈਂਟਰ

## ਮਰੀਜ਼ਾਂ ਲਈ ਬਿਲਿੰਗ ਸਬੰਧੀ ਮਹੱਤਵਪੂਰਨ ਜਾਣਕਾਰੀ

ਕਮਯੂਨਿਟੀ ਮੈਡੀਕਲ ਸੈਂਟਰਾਂ (CMC) ਦਾ ਭਾਈਚਾਰੇ ਨੂੰ ਮੋੜਵੇਂ ਰੂਪ ਵਿੱਚ ਵਾਪਸ ਕਰਨ ਦਾ ਲੰਬਾ ਇਤਿਹਾਸ ਰਿਹਾ ਹੈ। ਸਾਡੀ ਵਚਨਬੱਧਤਾ ਉਹਨਾਂ ਮਰੀਜ਼ਾਂ ਲਈ ਸਾਡੀਆਂ ਉਦਾਰ ਵਿੱਤੀ ਸਹਾਇਤਾ ਨੀਤੀਆਂ ਵਿੱਚ ਝਲਕਦੀ ਹੈ ਜੋ ਸਾਡੇ ਹਸਪਤਾਲਾਂ ਵਿੱਚ ਦੇਖਭਾਲ ਚਾਹੁੰਦੇ ਹਨ। ਸਾਡੇ ਮਰੀਜ਼ਾਂ ਦੀ ਸਾਡੀ ਬਿਲ ਦੇਣ ਦੀ ਪ੍ਰਕਿਰਿਆ, ਭੁਗਤਾਨ ਵਿਕਲਪਾਂ, ਅਤੇ ਵਿੱਤੀ ਸਹਾਇਤਾ ਪ੍ਰੋਗਰਾਮਾਂ ਬਾਰੇ ਸਮਝਣ ਵਿੱਚ ਮਦਦ ਲਈ ਇਸ ਕਿਤਾਬਚੇ ਵਿੱਚ ਮਹੱਤਵਪੂਰਨ ਜਾਣਕਾਰੀ ਸ਼ਾਮਲ ਹੈ। ਫੈਡਰਲ (ਸੰਘ) ਅਤੇ ਸਟੇਟ (ਰਾਜ) ਦੇ ਕਾਨੂੰਨ ਹਸਪਤਾਲਾਂ ਲਈ ਇਹ ਲਾਜ਼ਮੀ ਬਣਾਉਂਦੇ ਹਨ ਕਿ ਉਹ ਵੱਧ ਡਾਕਟਰੀ ਖਰਚਿਆਂ ਨਾਲ ਬਗੈਰ ਬੀਮੇ ਵਾਲੇ ਮਰੀਜ਼ਾਂ ਅਤੇ ਅਢੁਕਵੀਂ ਬੀਮਾ-ਸੁਰੱਖਿਆ ਵਾਲੇ ਮਰੀਜ਼ਾਂ ਨੂੰ ਛੋਟ ਵਾਲੀ ਜਾਂ ਮੁਫ਼ਤ ਡਾਕਟਰੀ ਦੇਖਭਾਲ ਮੁਹੱਈਆ ਕਰਵਾਉਣ। ਜਿਹੜੇ ਵਿਅਕਤੀ ਵਿੱਤੀ ਸਹਾਇਤਾ ਲਈ ਦਰਖਾਸਤ ਦਿੰਦੇ ਹਨ ਅਤੇ ਇਸ ਲਈ ਯੋਗਤਾ ਪੂਰੀ ਕਰਦੇ ਹਨ ਉਹਨਾਂ ਤੋਂ ਐਮਰਜੈਂਸੀ ਜਾਂ ਹੋਰ ਡਾਕਟਰੀ ਤੌਰ 'ਤੇ ਜ਼ਰੂਰੀ ਦੇਖਭਾਲ ਲਈ ਖਰਚੇ ਉਸ ਰਕਮ ਨਾਲੋਂ ਜ਼ਿਆਦਾ ਨਹੀਂ ਵਸੂਲੇ ਜਾ ਸਕਦੇ ਜਿਨ੍ਹਾਂ ਦਾ ਆਮ ਤੌਰ 'ਤੇ ਬਿਲ ਉਹਨਾਂ ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਕੋਲ ਅਜਿਹੀ ਦੇਖਭਾਲ ਲਈ ਬੀਮਾ-ਸੁਰੱਖਿਆ ਹੁੰਦੀ ਹੈ। ਇਹ ਜਾਣਕਾਰੀ ਸਿਰਫ ਹਸਪਤਾਲ ਦੇ ਬਿਲ ਉੱਤੇ ਹੀ ਲਾਗੂ ਹੁੰਦੀ ਹੈ, ਅਤੇ ਇਹ ਉਹਨਾਂ ਬਿਲਾਂ ਲਈ ਲਾਗੂ ਨਹੀਂ ਹੁੰਦੀ ਜੋ ਤੁਹਾਨੂੰ ਡਾਕਟਰਾਂ, ਐਨੇਸਥੀਸੀਓਲੋਜਿਸਟਾਂ, ਕਲੀਨਿਕਲ ਪੇਸ਼ੇਵਰਾਂ, ਐਂਬੂਲੈਂਸ ਕੰਪਨੀਆਂ, ਜਾਂ ਹੋਰ ਡਾਕਟਰੀ ਪੇਸ਼ੇਵਰਾਂ ਤੋਂ ਮਿਲਦੇ ਹਨ ਜਿਨ੍ਹਾਂ ਨੇ ਕਮਯੂਨਿਟੀ ਮੈਡੀਕਲ ਸੈਂਟਰਾਂ (CMC) 'ਤੇ ਡਾਕਟਰੀ ਇਲਾਜ ਮੁਹੱਈਆ ਕਰਵਾਇਆ ਹੋ ਸਕਦਾ ਹੈ।

**ਵਿੱਤੀ ਸਹਾਇਤਾ (ਚੈਰਿਟੀ ਕੇਅਰ):** ਵੱਧ ਡਾਕਟਰੀ ਖਰਚਿਆਂ ਨਾਲ ਘੱਟ ਆਮਦਨ ਵਾਲੇ ਅਣ-ਬੀਮਾਕ੍ਰਿਤ ਮਰੀਜ਼ ਅਤੇ ਘੱਟ ਆਮਦਨ ਵਾਲੇ ਅਢੁਕਵੀਂ ਬੀਮਾ-ਸੁਰੱਖਿਆ ਵਾਲੇ ਮਰੀਜ਼ ਮੁਫ਼ਤ ਡਾਕਟਰੀ ਦੇਖਭਾਲ ਲਈ ਯੋਗਤਾ ਪੂਰੀ ਕਰ ਸਕਦੇ ਹਨ। ਯੋਗਤਾ ਪਰਿਵਾਰਕ ਆਮਦਨ ਅਤੇ ਆਕਾਰ ਉੱਤੇ ਨਿਰਭਰ ਕਰਦੀ ਹੈ। ਮੁਫ਼ਤ ਦੇਖਭਾਲ ਲਈ ਮਰੀਜ਼ ਦੀ ਯੋਗਤਾ ਪੂਰੀ ਹੋਣ ਤੋਂ ਪਹਿਲਾਂ ਸਾਰੇ ਸੰਭਾਵੀ ਭੁਗਤਾਨ ਸ੍ਰੋਤ ਲਾਜ਼ਮੀ ਤੌਰ 'ਤੇ ਸਮਾਪਤ ਹੋ ਜਾਣੇ ਚਾਹੀਦੇ ਹਨ।

**ਛੋਟ-ਪ੍ਰਾਪਤ ਦੇਖਭਾਲ:** ਜੇ ਮਰੀਜ਼ ਮੁਫ਼ਤ ਡਾਕਟਰੀ ਦੇਖਭਾਲ ਲਈ ਯੋਗਤਾ ਪੂਰੀ ਨਹੀਂ ਕਰਦਾ, ਤਾਂ ਮਰੀਜ਼ ਅਜੇ ਵੀ ਛੋਟ-ਪ੍ਰਾਪਤ ਦੇਖਭਾਲ ਲਈ ਯੋਗਤਾ ਪੂਰੀ ਕਰ ਸਕਦਾ ਹੈ। ਯੋਗਤਾ ਪਰਿਵਾਰਕ ਆਮਦਨ ਅਤੇ ਆਕਾਰ ਉੱਤੇ ਨਿਰਭਰ ਕਰਦੀ ਹੈ। ਜਿਹੜੇ ਡਾਕਟਰ CMC ਵਿਖੇ ਐਮਰਜੈਂਸੀ ਸੇਵਾਵਾਂ ਮੁਹੱਈਆ ਕਰਵਾਉਂਦੇ ਹਨ ਉਹਨਾਂ ਲਈ ਵੱਧ ਡਾਕਟਰੀ ਖਰਚਿਆਂ ਵਾਲੇ ਅਣ-ਬੀਮਾਕ੍ਰਿਤ ਜਾਂ ਅਢੁਕਵੀਂ ਬੀਮਾ-ਸੁਰੱਖਿਆ ਵਾਲੇ ਉਹਨਾਂ ਮਰੀਜ਼ਾਂ ਨੂੰ ਛੋਟ ਮੁਹੱਈਆ ਕਰਨੀ ਲਾਜ਼ਮੀ ਹੁੰਦਾ ਹੈ ਜੋ ਸੰਘੀ ਗਰੀਬੀ ਪੱਧਰ ਦੇ 350% 'ਤੇ ਜਾਂ ਇਸ ਤੋਂ ਹੇਠਾਂ ਹੁੰਦੇ ਹਨ। ਤੁਹਾਨੂੰ CMC ਵਿਖੇ ਪ੍ਰਾਪਤ ਹੋਈਆਂ ਐਮਰਜੈਂਸੀ ਡਾਕਟਰੀ ਸੇਵਾਵਾਂ ਲਈ ਵੱਖਰਾ ਬਿਲ ਮਿਲੇਗਾ। ਡਾਕਟਰ ਦੇ ਬਿਲ ਬਾਰੇ ਜੇ ਤੁਹਾਡੇ ਕੋਲ ਕੋਈ ਪ੍ਰਸ਼ਨ ਹੁੰਦੇ ਹਨ ਤਾਂ ਉਹ ਫ਼ਿਜ਼ੀਸ਼ੀਅਨ ਦੇ ਆਫ਼ਿਸ ਤੋਂ ਪੁੱਛਣੇ ਚਾਹੀਦੇ ਹਨ।

**ਵਿੱਤੀ ਸਹਾਇਤਾ ਨੀਤੀਆਂ ਅਤੇ ਦਰਖਾਸਤਾਂ:** CMC ਦੀਆਂ ਵਿੱਤੀ ਸਹਾਇਤਾ ਨੀਤੀਆਂ ਅਤੇ ਛੋਟ-ਪ੍ਰਾਪਤ ਜਾਂ ਮੁਫ਼ਤ ਡਾਕਟਰੀ ਦੇਖਭਾਲ ਦੇ ਦਰਖਾਸਤ ਫਾਰਮਾਂ ਦੀਆਂ ਨਕਲਾਂ www.communitymedical.org 'ਤੇ ਦੇਖੀਆਂ ਜਾ ਸਕਦੀਆਂ ਹਨ। CMC ਦੀ ਵਿੱਤੀ ਸਹਾਇਤਾ ਨੀਤੀ ਅਤੇ ਦਰਖਾਸਤ ਫਾਰਮਾਂ ਦੀਆਂ ਨਕਲਾਂ ਅੱਗੇ ਦਿੱਤੀਆਂ ਥਾਂਵਾਂ 'ਤੇ ਸਾਡੇ ਪ੍ਰਮੁੱਖ ਐਡਮਿਟਿੰਗ ਡਿਪਾਰਟਮੈਂਟਾਂ ਵਿਖੇ ਵੀ ਉਪਲਬਧ ਹਨ: ਕਮਿਊਨਿਟੀ ਰੀਜਨਲ ਮੈਡੀਕਲ ਸੈਂਟਰ – 2823 Fresno Street, Fresno, CA 93721; ਕਲੋਵਿਸ ਕਮਿਊਨਿਟੀ ਮੈਡੀਕਲ ਸੈਂਟਰ – 2755 Herndon Avenue, Clovis, CA 93611; ਅਤੇ ਫ੍ਰੈਸਨੋ ਹਾਰਟ ਐਂਡ ਸਰਜੀਕਲ ਹੋਸਪਿਟਲ – 15 E. Audubon Drive, Fresno, CA 93720. ਡਾਕ ਰਾਹੀਂ ਵਿੱਤੀ ਸਹਾਇਤਾ ਨੀਤੀਆਂ ਅਤੇ ਦਰਖਾਸਤ ਫਾਰਮਾਂ ਦੀ ਮੁਫ਼ਤ ਕਾਪੀ ਪ੍ਰਾਪਤ ਕਰਨ ਲਈ ਕਿਰਪਾ ਕਰਕੇ (559) 459-2998 'ਤੇ ਐਡਮਿਟਿੰਗ ਨੂੰ ਕਾਲ ਕਰਕੇ ਇਸ ਲਈ ਬੇਨਤੀ ਕਰੋ। ਵਿੱਤੀ ਸਹਾਇਤਾ ਨੀਤੀਆਂ ਅਤੇ ਦਰਖਾਸਤ ਫਾਰਮਾਂ ਦਾ ਅਨੁਵਾਦ ਸਪੈਨਿਸ਼, ਹਮੋਂਗ, ਪੰਜਾਬੀ, ਲੇਓਸ਼ਨ, ਟੈਗਾਲੋਗ, ਮੋਨ-ਖਮੇਰ/ਕੰਬੋਡੀਅਨ, ਅਰਮੇਨੀਅਨ, ਅਰਬੀ, ਚੀਨੀ, ਵੀਅਤਨਾਮੀ, ਜਰਮਨ, ਕੋਰੀਅਨ, ਜਪਾਨੀ, ਰੂਸੀ, ਹਿੰਦੀ, ਪੁਰਤਗਾਲੀ, ਫ਼ਾਰਸੀ ਅਤੇ ਮੈਂਡੇਰਿਨ ਵਿੱਚ ਉਪਲਬਧ ਹੈ।

**ਦਰਖਾਸਤ ਦੇਣ ਵਿੱਚ ਸਹਾਇਤਾ:** CMC ਦੇ ਐਡਮਿਟਿੰਗ ਡਿਪਾਰਟਮੈਂਟ (ਉੱਪਰ ਸੂਚੀਬੱਧ ਕੀਤੇ ਹਨ) ਦਰਖਾਸਤ ਪ੍ਰਕਿਰਿਆ ਵਾਸਤੇ ਤੁਹਾਡੀ ਸਹਾਇਤਾ ਲਈ ਉਪਲਬਧ ਹੁੰਦੇ ਹਨ। ਤੁਹਾਨੂੰ ਦਰਖਾਸਤ ਫਾਰਮ ਭਰਨ ਅਤੇ ਆਪਣੀ ਪਰਿਵਾਰਕ ਆਮਦਨ ਦੇ ਦਸਤਾਵੇਜ਼ੀ ਰਿਕਾਰਡ ਮੁਹੱਈਆ ਕਰਨ ਲਈ ਕਿਹਾ ਜਾਵੇਗਾ। ਮਰੀਜ਼ਾਂ ਨੂੰ ਵਿੱਤੀ ਸਹਾਇਤਾ ਲਈ ਅਰਜ਼ੀਆਂ ਇਸ ਪਤੇ 'ਤੇ ਭੇਜਣੀਆਂ ਚਾਹੀਦੀਆਂ ਹਨ: Community Medical Centers, Patient Financial Services Department, P.O. Box 1232, Fresno, CA 93715,

Attn: Financial Assistance Application. ਤੁਹਾਡੀ ਅਰਜ਼ੀ ਅਤੇ ਦਸਤਾਵੇਜ਼ੀ ਰਿਕਾਰਡ ਜਮਾਂ ਕਰਵਾਉਣ ਤੋਂ ਬਾਅਦ, ਤੁਹਾਡੀ ਯੋਗਤਾ ਦੇ ਸਬੰਧ ਵਿੱਚ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ। ਜੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਛੋਟ-ਪ੍ਰਾਪਤ ਜਾਂ ਮੁਫ਼ਤ ਡਾਕਟਰੀ ਦੇਖਭਾਲ ਲਈ ਯੋਗਤਾ ਪੂਰੀ ਕਰ ਸਕਦੇ ਹੋ, ਤਾਂ ਕਿਰਪਾ ਕਰਕੇ ਜ਼ਿਆਦਾ ਜਾਣਕਾਰੀ ਲਈ (559) 459-2998 'ਤੇ ਐਡਮਿਟਿੰਗ ਨਾਲ ਸੰਪਰਕ ਕਰੋ।

**ਯੋਗਤਾ ਪ੍ਰਾਪਤ ਸੇਵਾਵਾਂ**: ਯੋਗਤਾ ਪ੍ਰਾਪਤ ਮਰੀਜ਼ ਕਮਯੂਨਿਟੀ ਮੈਡੀਕਲ ਸੈਂਟਰਾਂ (CMC) ਵਿਖੇ ਮੁਹੱਈਆ ਕੀਤੀਆਂ ਜਾਂਦੀਆਂ ਐਮਰਜੈਂਸੀ ਅਤੇ ਡਾਕਟਰੀ ਤੌਰ 'ਤੇ ਜ਼ਰੂਰੀ ਸੇਵਾਵਾਂ ਲਈ ਛੋਟ-ਪ੍ਰਾਪਤ ਜਾਂ ਮੁਫ਼ਤ ਦੇਖਭਾਲ ਪ੍ਰਾਪਤ ਕਰ ਸਕਦੇ ਹਨ। ਵਸਤਾਂ ਅਤੇ ਸੇਵਾਵਾਂ ਜੋ (1) ਸੱਟ ਜਾਂ ਬਿਮਾਰੀ ਦਾ ਇਲਾਜ ਕਰਨ ਲਈ ਡਾਕਟਰੀ ਤੌਰ 'ਤੇ ਜ਼ਰੂਰੀ ਨਹੀਂ ਹੁੰਦੀਆਂ, (2) ਮੁਢਲੇ ਤੌਰ 'ਤੇ ਇਲੈਕਟਿਵ ਕੌਸਮੈਟਿਕ ਉਦੇਸ਼ਾਂ ਲਈ ਮੁਹੱਈਆ ਕੀਤੀਆਂ ਜਾਂਦੀਆਂ ਹਨ, ਜਾਂ (3) ਤਜਰਬੇ ਵਾਲੀਆਂ ਵਸਤਾਂ ਜਾਂ ਸੇਵਾਵਾਂ ਹੁੰਦੀਆਂ ਹਨ, ਜਿਸ ਵਿੱਚ ਕਲੀਨਿਕ ਪਰਖ, ਖੋਜ ਪ੍ਰੋਗਰਾਮ ਆਦਿ ਦੇ ਹਿੱਸੇ ਵਜੋਂ ਮਰੀਜ਼ ਨੂੰ ਮੁਹੱਈਆ ਕੀਤੀਆਂ ਜਾਂਦੀਆਂ ਵਸਤਾਂ ਅਤੇ ਸੇਵਾਵਾਂ ਸ਼ਾਮਲ ਹੁੰਦੀਆਂ ਹਨ, ਉਹ ਛੋਟ-ਪ੍ਰਾਪਤ ਜਾਂ ਚੈਰਿਟੀ ਕੀਮਤਾਂ ਲਈ ਯੋਗਤਾ ਪੂਰੀਆਂ ਨਹੀਂ ਕਰਦੀਆਂ।

**ਸਰਕਾਰੀ ਪ੍ਰੋਗਰਾਮ ਦੀ ਯੋਗਤਾ:** ਤੁਸੀਂ ਸਰਕਾਰ ਵੱਲੋਂ ਪ੍ਰਾਯੋਜਤ ਸਿਹਤ ਬੈਨੇਫਿਟ ਪ੍ਰੋਗਰਾਮ ਲਈ ਯੋਗਤਾ ਪੂਰੀ ਕਰ ਸਕਦੇ ਹੋ। ਤੁਹਾਡੇ ਹਸਪਤਾਲ ਬਿਲ ਦੇ ਭੁਗਤਾਨ ਲਈ ਸਰਕਾਰੀ ਸਹਾਇਤਾ ਵਾਸਤੇ ਦਰਖਾਸਤ ਦੇਣ ਲਈ ਤੁਹਾਡੀ ਮਦਦ ਲਈ CMC ਕੋਲ ਸਟਾਫ ਉਪਲਬਧ ਹੁੰਦਾ ਹੈ। ਤੁਸੀਂ ਐਡਮਿਟਿੰਗ ਨਾਲ (559) 459-2998 'ਤੇ ਸੰਪਰਕ ਕਰਕੇ ਸਰਕਾਰ ਵੱਲੋਂ ਪ੍ਰਾਯੋਜਤ ਸਿਹਤ ਬੈਨੇਫਿਟਾਂ ਲਈ ਦਰਖਾਸਤ ਦੇਣ ਵਾਸਤੇ ਸਹਾਇਤਾ ਪ੍ਰਾਪਤ ਕਰ ਸਕਦੇ ਹੋ।

**ਲੰਬਤ ਅਰਜ਼ੀਆਂ:** ਜੇ ਕੋਈ ਮਰੀਜ਼ CMC ਵਿਖੇ ਚੈਰਿਟੀ ਜਾਂ ਛੋਟ-ਪ੍ਰਾਪਤ ਦੇਖਭਾਲ ਲਈ ਦਰਖਾਸਤ ਦੇਣ ਸਮੇਂ ਕਿਸੇ ਹੋਰ ਸਿਹਤ ਕਵਰੇਜ ਪ੍ਰੋਗਰਾਮ ਲਈ ਦਰਖਾਸਤ ਦਿੰਦਾ ਹੈ ਜਾਂ ਇਸ ਵਾਸਤੇ ਉਸ ਦੀ ਅਰਜ਼ੀ ਲੰਬਤ ਹੈ, ਤਾਂ ਫੇਰ ਕੋਈ ਵੀ ਅਰਜ਼ੀ ਦੂਜੇ ਪ੍ਰੋਗਰਾਮ ਲਈ ਯੋਗਤਾ ਵਾਸਤੇ ਰੁਕਾਵਟ ਨਹੀਂ ਬਣੇਗੀ।

**ਭੁਗਤਾਨ ਦੇ ਵਿਕਲਪ:** CMC ਕੋਲ ਤੁਹਾਡੇ ਹਸਪਤਾਲ ਬਿਲ ਦਾ ਭੁਗਤਾਨ ਕਰਨ ਲਈ ਤੁਹਾਡੀ ਸਹਾਇਤਾ ਵਾਸਤੇ ਬਹੁਤ ਸਾਰੇ ਭੁਗਤਾਨ ਵਿਕਲਪ ਉਪਲਬਧ ਹੁੰਦੇ ਹਨ। ਮਰੀਜ਼ ਦੇ ਅਕਾਊਂਟ ਬਕਾਏ ਪ੍ਰਾਪਤੀ 'ਤੇ ਦੇਣਯੋਗ ਹੁੰਦੇ ਹਨ, ਹਾਲਾਂਕਿ ਵਿਸਥਾਰਤ ਭੁਗਤਾਨ ਯੋਜਨਾਵਾਂ ਉਹਨਾਂ ਮਰੀਜ਼ਾਂ ਲਈ ਵੀ ਉਪਲਬਧ ਹੋ ਸਕਦੀਆਂ ਹਨ ਜੋ ਵਿੱਤੀ ਸਹਾਇਤਾ ਲਈ ਦਰਖਾਸਤ ਦਿੰਦੇ ਹਨ। ਜੇ CMC ਅਤੇ ਯੋਗਤਾ ਪ੍ਰਾਪਤ ਮਰੀਜ਼ ਢੁਕਵੀਂ ਮਹੀਨੇਵਾਰ ਭੁਗਤਾਨ ਰਾਸ਼ੀ ਬਾਰੇ ਸਹਿਮਤ ਨਹੀਂ ਹੋ ਸਕਦੇ, ਤਾਂ ਹਸਪਤਾਲ ਮੁਨਾਸਬ ਭੁਗਤਾਨ ਯੋਜਨਾ ਬਣਾਉਣ ਲਈ ਕੈਲੀਫੋਰਨੀਆ ਦੇ ਸਿਹਤ ਅਤੇ ਸੁਰੱਖਿਆ ਜ਼ਾਬਤੇ ਦੀ ਧਾਰਾ 127400 ਦੀ ਸਬ-ਡਿਵੀਜ਼ਨ (i) ਵਿੱਚ ਵਰਨਣ ਕੀਤੇ ਫਾਰਮੂਲੇ ਦੀ ਵਰਤੋਂ ਕਰੇਗਾ।

**ਵਿੱਤੀ ਅਨੁਮਾਨਾਂ ਦੀ ਉਪਲਬਧਤਾ ਦਾ ਨੋਟਿਸ:** ਤੁਸੀਂ ਹਸਪਤਾਲ ਸੇਵਾਵਾਂ ਲਈ ਆਪਣੀ ਵਿੱਤੀ ਜ਼ਿੰਮੇਵਾਰੀ ਦੇ ਲਿਖਤੀ ਅਨੁਮਾਨ ਲਈ ਬੇਨਤੀ ਕਰ ਸਕਦੇ ਹੋ। ਅਨੁਮਾਨਾਂ ਲਈ ਬੇਨਤੀਆਂ ਲਾਜ਼ਮੀ ਤੌਰ 'ਤੇ ਕੰਮਕਾਜੀ ਘੰਟਿਆਂ ਦੌਰਾਨ ਕਰਨੀਆਂ ਚਾਹੀਦੀਆਂ ਹਨ। ਅਨੁਮਾਨ ਤੁਹਾਨੂੰ ਉਸ ਰਾਸ਼ੀ ਦਾ ਅੰਦਾਜ਼ਾ ਮੁਹੱਈਆ ਕਰੇਗਾ ਜਿਨ੍ਹਾਂ ਨੂੰ ਸਿਹਤ ਦੇਖਭਾਲ ਸੇਵਾਵਾਂ, ਕਾਰਜ-ਪ੍ਰਕਿਰਿਆਵਾਂ, ਅਤੇ ਸਮੱਗਰੀਆਂ ਦਾ ਭੁਗਤਾਨ ਕਰਨ ਲਈ ਹਸਪਤਾਲ ਤੁਹਾਡੇ ਲਈ ਲਾਜ਼ਮੀ ਬਣਾਏਗਾ ਜਿਨ੍ਹਾਂ ਬਾਰੇ ਮੁਨਾਸਬ ਢੰਗ ਨਾਲ ਹਸਪਤਾਲ ਵੱਲੋਂ ਮੁਹੱਈਆ ਕਰਨ ਦੀ ਆਸ ਕੀਤੀ ਜਾਂਦੀ ਹੈ। ਅਨੁਮਾਨ ਠਹਿਰਾਓ ਦੀ ਔਸਤ ਮਿਆਦ (ਲੰਬਾਈ) ਅਤੇ ਮਰੀਜ਼ ਦੇ ਡਾਇਗਨੋਸਿਜ਼ ਲਈ ਮੁਹੱਈਆ ਕੀਤੀਆਂ ਜਾਂਦੀਆਂ ਸੇਵਾਵਾਂ 'ਤੇ ਅਧਾਰਤ ਹੁੰਦੇ ਹਨ। ਉਹ ਸਥਿਰ ਲਾਗਤਾਂ 'ਤੇ ਸੇਵਾਵਾਂ ਮੁਹੱਈਆ ਕਰਵਾਉਣ ਦੇ ਵਾਅਦੇ ਨਹੀਂ ਹੁੰਦੇ। ਕਿਸੇ ਮਰੀਜ਼ ਦੀ ਵਿੱਤੀ ਜ਼ਿੰਮੇਵਾਰੀ ਅਨੁਮਾਨ ਨਾਲੋਂ ਵੱਧ ਜਾਂ ਘੱਟ ਹੋ ਸਕਦੀ ਹੈ ਜੋ ਮਰੀਜ਼ ਨੂੰ ਅਸਲ ਵਿੱਚ ਪ੍ਰਾਪਤ ਸੇਵਾਵਾਂ 'ਤੇ ਅਧਾਰਤ ਹੁੰਦੀ ਹੈ।

ਹਸਪਤਾਲ ਸਿਰਫ ਹਸਪਤਾਲ ਸੇਵਾਵਾਂ ਦੀ ਰਾਸ਼ੀ ਦੇ ਹੀ ਅਨੁਮਾਨ ਮੁਹੱਈਆ ਕਰ ਸਕਦਾ ਹੈ। ਉਹਨਾਂ ਸੇਵਾਵਾਂ ਲਈ ਵਧੀਕ ਖਰਚੇ ਹੋ ਸਕਦੇ ਹਨ ਜੋ ਹਸਪਤਾਲ ਵਿੱਚ ਮਰੀਜ਼ ਦੇ ਠਹਿਰਾਓ ਦੌਰਾਨ ਡਾਕਟਰਾਂ ਵੱਲੋਂ ਮੁਹੱਈਆ ਕੀਤੇ ਜਾਣਗੇ, ਜਿਵੇਂ ਕਿ ਨਿੱਜੀ ਡਾਕਟਰਾਂ, ਅਤੇ ਕਿਸੇ ਵੀ ਐਨੇਸਥੀਸੀਓਲੋਜਿਸਟਾਂ, ਪੈਥੋਲੋਜਿਸਟਾਂ, ਰੇਡੀਓਲੋਜਿਸਟਾਂ, ਐਂਬੂਲੈਂਸ ਕੰਪਨੀਆਂ, ਜਾਂ ਹੋਰ ਡਾਕਟਰੀ ਪੇਸ਼ੇਵਰਾਂ ਤੋਂ ਮਿਲੇ ਬਿਲ ਜੋ ਹਸਪਤਾਲ ਦੇ ਕਰਮਚਾਰੀ ਨਹੀਂ ਹੁੰਦੇ। ਮਰੀਜ਼ਾਂ ਨੂੰ ਇਹਨਾਂ ਸੇਵਾਵਾਂ ਲਈ ਵੱਖਰੇ ਬਿਲ ਮਿਲਣਗੇ।

ਜੇ ਲਿਖਤੀ ਅਨੁਮਾਨਾਂ ਬਾਰੇ ਤੁਹਾਡੇ ਕੋਲ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਪੇਸ਼ੈਂਟ ਫਾਇਨੈਂਸ਼ੀਅਲ ਸਰਵਿਸਿਜ਼ ਨਾਲ (559) 459-3939 'ਤੇ ਸੰਪਰਕ ਕਰੋ।